


ਜਲੰਧਰ ਅਜੀਤ
ਅਜੀਤ, ਜਲੰਧਰ • ਸੋਮਵਾਰ, 20 ਜਨਵਰੀ 2025





# ਬੀਤੀ ਰਾਤ ਨਸ਼ਾ ਵੇਚਣ 'ਚ ਚਰਚਿਤ ਮਹਿਤਪੁਰ ਮਹੁੱਲੇ 'ਚ ਪੁਲਿਸ ਨੇ ਮੁੜ ਕੀਤੀ ਛਾਪੇਮਾਰੀ

## 4030 ਲੀਟਰ ਕੈਮੀਕਲ, ਕੈਮੀਕਲ ਤੋਂ ਤਿਆਰ ਕੀਤੀ ਜਹਿਰੀਲੀ ਸ਼ਰਾਬ ਤੇ ਹੋਰ ਸਾਮਾਨ ਕੀਤਾ ਬਰਾਮਦ • ਪਰਿਵਾਰ ਸਮੇਤ ਸੰਬੰਧਿਤ ਦੋਸ਼ੀ ਘਰਾਂ ਨੂੰ ਤਾਲੇਮਾਰ ਹੋਏ ਫ਼ਰਾਰ

ਮਹਿਤਪੁਰ, 19 ਜਨਵਰੀ (ਲਖਵਿੰਦਰ ਸਿੰਘ)- ਸ੍ਰੀ ਹਰਕੰਵਲਪ੍ਰੀਤ ਸਿੰਘ ਖੱਖ, ਪੀ.ਪੀ.ਐਸ ਸੀਨੀਅਰ ਪੁਲਿਸ ਕਪਤਾਨ, ਜਲੰਧਰ- ਦਿਹਾਤੀ ਜੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਮਾੜੇ ਅਨਸਰਾਂ ਅਤੇ ਨਸ਼ਿਆਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁੰਹਿਮ ਤਹਿਤ ਜਸਰੂਪ ਕੌਰ ਬਾਠ, ਆਈ.ਪੀ.ਐਸ ਪੁਲਿਸ ਕਪਤਾਨ ਇੰਨਵੈਸਟੀਗੇਸ਼ਨ ਜਲੰਧਰ ਦਿਹਾਤੀ 'ਤੇ ਉਂਕਾਰ ਸਿੰਘ ਬਰਾੜ ਉਪ ਪੁਲਿਸ ਕਪਤਾਨ ਸਬ.ਡਵੀਜਨ ਸ਼ਾਹਕੋਟ ਦੀ ਅਗਵਾਈ ਹੇਠ ਇੰਸ. ਸੁਖਦੇਵ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਦੀ ਟੀਮ ਨੇ 18 ਜਨਵਰੀ ਦੀ ਰਾਤ ਨੂੰ ਸਮੱਗਲਰਾਂ ਦੀ ਹਵੇਲੀ ਟਾਵਰ ਕਾਲੋਨੀ ਮਹਿਤਪੁਰ ਵਿੱਚੋਂ ਜ਼ਮੀਨ ਵਿਚ ਨੱਪੀਆਂ ਹੋਈਆਂ ਪਲਾਸਟਿਕ ਦੀਆਂ ਟੈਂਕੀਆਂ ਅਤੇ ਕੈਨ ਪਲਾਸਟਿਕਾਂ ਵਿੱਚੋਂ 4030 ਲੀਟਰ ਕੈਮੀਕਲ ਅਤੇ ਕੈਮੀਕਲ ਤੋਂ ਤਿਆਰ ਕੀਤੀ ਜ਼ਹਿਰੀਲੀ ਸ਼ਰਾਬ ਨਾਜਾਇਜ਼ ਬਰਾਮਦ ਕਰਨ ਵਿਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ

ਉਂਕਾਰ ਸਿੰਘ ਬਰਾੜ ਪੀ.ਪੀ.ਐਸ ਉਪ ਪੁਲਿਸ ਕਪਤਾਨ ਸਬ ਡਵੀਜਨ ਸ਼ਾਹਕੋਟ ਜਲੰਧਰ ਦਿਹਾਤੀ ਨੇ ਵਿਸ਼ੇਸ਼ ਤੌਰ 'ਤੇ ਖੁਲਾਸਾ ਕੀਤਾ ਕਿ ਮਹਿਤਪੁਰ ਵਿਚ ਜੋਂ ਸ਼ਰਾਬ ਨਾਜਾਇਜ਼ ਵੇਚਣ ਸਬੰਧੀ ਚਰਚਾਵਾਂ ਚੱਲਦੀਆ ਸਨ, ਉਸ ਉਪਰ ਵਿਰਾਮ ਲਾਉਂਦਿਆ ਹੋਇਆ ਇੰਸ. ਸੁਖਦੇਵ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਤੇ ਉਨ੍ਹਾਂ ਦੀ ਬਹੁਤ ਮਿਹਨਤੀ ਟੀਮ ਦੇ ਮੈਂਬਰ ਅੰਗਰੇਜ ਸਿੰਘ, ਬਲਵਿੰਦਰ ਸਿੰਘ, ਬਲਜਿੰਦਰ ਸਿੰਘ, ਹਰਜੀਤ ਸਿੰਘ ਅਤੇ ਹੋਰ ਕਰਮਚਾਰੀਆ ਦੀ ਮਦਦ ਨਾਲ ਇਕ ਹਫਤੇ ਤੋਂ ਲਗਾਤਾਰ ਕਸਬਾ ਮਹਿਤਪੁਰ 'ਚ ਸਰਚ ਆਪ੍ਰੇਸ਼ਨ ਚਲਾਇਆ ਜਾ ਰਿਹਾ ਸੀ ਜੋਂ ਇਸ ਸਰਚ ਅਪ੍ਰੇਸ਼ਨ ਦੇ ਦੌਰਾਨ ਪਹਿਲਾ ਬੀਤੇ ਹਫਤੇ ਦੌਰਾਨ ਬਦਨਾਮ ਸਮਗੱਲਰ ਨਿਰਮਲ ਸਿੰਘ ਉਰਫ਼ ਨਿੰਮਾ, ਜਸਪਾਲ ਸਿੰਘ ਉਰਫ ਪਾਲੀ ਅਤੇ ਉਸ ਦੀ ਪਤਨੀ ਜਸਵਿੰਦਰ ਕੌਰ ਦੇ ਕਬਜ਼ੇ ਵਿੱਚੋਂ 68 ਕਿਲੋਗ੍ਰਾਮ ਡੋਡੇ ਚੂਰਾ ਪੋਸਤ, 150 ਲੀਟਰ ਕੈਮੀਕਲ ਅਤੇ ਕੈਮੀਕਲ ਵਾਲੀ ਸ਼ਰਾਬ ਨਾਜਾਇਜ਼ ਬਰਾਮਦ ਕੀਤੀ ਗਈ ਸੀ। ਜੋ ਇਸੇ ਕੜੀ ਨੂੰ ਅੱਗੇ ਤੋਰਦਿਆਂ ਹੋਇਆਂ ਇਨ੍ਹਾਂ ਦੇ ਅਸਲ ਸੋਮਿਆ ਬਾਰੇ ਸੁਰਾਗ ਲਗਾਇਆ ਗਿਆ, ਜੋ ਖੁਫ਼ੀਆ ਸੋਰਸਾਂ ਤੋਂ ਪਤਾ ਲੱਗਣ 'ਤੇ ਝਿਲਮਣ ਸਿੰਘ ਉਰਫ ਝਿੰਮਾ ਪੁੱਤਰ ਗੁਰਚਰਨ ਸਿੰਘ ਵਾਸੀ ਕਸਬਾ ਮੁਹੱਲਾ ਮਹਿਤਪੁਰ ਥਾਣਾ ਮਹਿਤਪੁਰ ਦੀ ਹਵੇਲੀ ਟਾਵਰ ਕਲੋਨੀ ਮਹਿਤਪੁਰ ਵਿੱਚ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਹਵੇਲੀ ਛਾਨਬੀਨ ਕਰਦੇ ਸਮੇਂ ਕਮਰਿਆ ਦੇ ਫਰਸ਼ ਹੇਠਾਂ ਬਹੁਤ ਹੀ ਖੁਫੀਆ ਢੰਗ ਨਾਲ ਕੈਮੀਕਲ ਨੂੰ ਦਬਾ ਕੇ ਰੱਖਣ ਵਾਸਤੇ ਜ਼ਮੀਨ ਵਿੱਚ 1000/1000 ਲੀਟਰ ਦੀਆਂ ਦੋ ਪਲਾਸਟਿਕ ਦੀਆਂ ਟੈਂਕੀਆ ਨੂੰ ਛਿਪਾ ਕੇ ਰੱਖਿਆ ਹੋਇਆ ਸੀ। ਪੁਲਿਸ ਦੀ ਤਿੱਖੀ ਨਜ਼ਰ ਨੇ ਜਮੀਨ ਵਿਚ ਦੱਬੀਆਂ ਟੈਂਕੀਆ ਵਿੱਚੋ ਕੈਮੀਕਲ ਨੂੰ ਬਾਹਰ ਕੱਢਣ ਲਈ ਪੰਪ ਨੂੰ ਜਾਂਦੀ ਬਿਜਲੀ ਦੀ ਤਾਰ ਤੋਂ ਉਸ ਨੂੰ ਟਰੇਸ ਕਰਕੇ ਫਰਸ਼ ਨੂੰ ਪੁੱਟ ਕੇ ਉਸ ਦੇ ਹੇਠਾਂ ਦਬਾਈਆਂ ਹੋਈਆਂ ਕੈਮੀਕਲ ਨਾਲ ਭਰੀਆਂ ਹੋਈਆਂ ਟੈਂਕੀਆ ਬਰਾਮਦ ਕੀਤੀਆ ਅਤੇ ਹਵੇਲੀ ਵਿੱਚ ਹੀ ਭਾਰੀ ਤਦਾਦ ਵਿੱਚ ਕੈਮੀਕਲ ਨਾਲ ਭਰੇ ਹੋਏ ਪਲਾਸਟਿਕ ਦੇ 30 ਕੈਨ, ਦੋ ਡਰੰਮ ਪਲਾਸਟਿਕ ਵਜਨੀ 200/200 ਲੀਟਰ ਅਤੇ ਇੱਕ ਟੈਂਕੀ ਪਲਾਸਟਿਕ ਵਜਨੀ 500 ਲੀਟਰ ਅਤੇ ਬਾਲਟੀਆਂ ਅਤੇ ਪਲਾਸਟਿਕ ਦੇ ਲਿਫ਼ਾਫ਼ੇ ਤਿਆਰ ਕੀਤੀ ਹੋਈ ਕੈਮੀਕਲ ਵਾਲੀ ਸ਼ਰਾਬ ਨੂੰ ਪੈਕਿੰਗ ਸਮੱਗਲਰੀ, ਟੁੱਲੂ ਪੰਪ ਆਦਿ ਦੀ ਬਰਾਮਦਗੀ ਕੀਤੀ ਗਈ ਅਤੇ ਕੁੱਲ ਬਰਾਮਦਗੀ 4030 ਲੀਟਰ ਕੈਮੀਕਲ ਅਤੇ ਕੈਮੀਕਲ ਤੋਂ ਤਿਆਰ ਕੀਤੀ ਜਹਿਰੀਲੀ ਸ਼ਰਾਬ ਨਾਜਾਇਜ਼ ਬਰਾਮਦ ਹੋਈ ਹੈ। ਜੋ ਝਿਲਮਣ ਸਿੰਘ ਉਰਫ ਝਿੰਮਾ ਨਾਲ ਸ਼ਰਾਬ ਨਾਜਾਇਜ਼ ਤਿਆਰ ਕਰਨ ਅਤੇ ਕੈਮੀਕਲ ਦੀ ਸਪਲਾਈ ਲਿਆਉਣ ਵਿੱਚ ਮਦਦ ਕਰਨ ਵਾਲੇ ਅਤੇ ਤਿਆਰ ਕੀਤੀ ਸ਼ਰਾਬ ਨੂੰ ਅੱਗੇ ਹੋਰ ਪਰਚੂਨ 'ਚ ਵੇਚਣ ਵਾਲੇ ਸਮੱਗਲਰਾਂ ਨੂੰ ਸਪਲਾਈ ਦੇਣ ਵਾਲੇ ਇਸ ਦੇ ਸਰਗਰਮ ਸਾਥੀ ਜਸਪਾਲ ਸਿੰਘ ਉਰਫ ਪਾਲੀ ਪੁੱਤਰ ਗੁਰਨਾਮ ਸਿੰਘ ਉਰਫ ਬਿੱਲਾ ਅਤੇ ਗੁਰਦੀਪ ਸਿੰਘ ਉਰਫ ਦੀਪਾ ਪੁੱਤਰ ਜਸਵੰਤ ਸਿੰਘ ਵਾਸੀ ਕਸਬਾ ਮੁਹੱਲਾ ਮਹਿਤਪੁਰ ਥਾਣਾ ਮਹਿਤਪੁਰ ਹਨ। ਜਿਨ੍ਹਾਂ ਦੇ ਖ਼ਿਲਾਫ਼ ਥਾਣਾ ਮਹਿਤਪੁਰ ਮਾਮਲਾ ਦਰਜ ਕਰਕੇ ਇਹਨਾ ਦੇ ਘਰਾਂ ਤੇ ਛਾਪੇ ਮਾਰੀ ਕੀਤੀ ਗਈ ਹੈ। ਇਹ ਸਮੱਗਲਰ ਇਲਾਕਾ ਛੱਡ ਕੇ ਆਪਣੇ ਪਰਿਵਾਰਾਂ ਸਮੇਤ ਆਪਣੇ ਘਰਾਂ ਤੋਂ ਫ਼ਰਾਰ ਹੋ ਗਏ ਹਨ। ਜਿਹਨਾਂ ਨੂੰ ਗ੍ਰਿਫਤਾਰ ਕਰਨ ਲਈ ਵਿਸ਼ੇਸ ਪੁਲੀਸ ਪਾਰਟੀਆਂ ਲਗਾਈਆਂ ਹੋਈਆਂ ਹਨ।



ਮਹਿਤਪੁਰ 'ਚ ਨਸ਼ੇ ਨੂੰ ਲੈ ਕੇ ਚਰਚਿੱਤ ਮਹੁੱਲੇ ਦੀ ਕੀਤੀ ਛਾਪੇਮਾਰੀ ਦੌਰਾਨ ਬਰਾਮਦ ਕੀਤੇ ਸ਼ਰਾਬ ਤਿਆਰ ਕਰਨ ਵਾਲੇ ਕੈਮੀਕਲ ਤੇ ਹੋਰ ਸਾਮਾਨ ਦੀ ਜਾਣਕਾਰੀ ਦਿੰਦੇ ਸਮੇਂ ਡੀ.ਐਸ.ਪੀ ਓਕਾਂਰ ਸਿੰਘ ਬਰਾੜ, ਥਾਣਾ ਮਹਿਤਪੁਰ ਮੁਖੀ ਸੁਖਦੇਵ ਸਿੰਘ, ਪੁਲਿਸ ਪਾਰਟੀ ਤੇ ਹੋਰ। ਤਸਵੀਰ : ਲਖਵਿੰਦਰ ਸਿੰਘ



ਕਾਬੂ ਕੀਤਾ ਮੁਲਜ਼ਮ ਅਤੇ ਉਸ ਕੋਲੋਂ ਬਰਾਮਦ ਫਾਰਚੂਨ ਗੱਡੀ ਬਾਰੇ ਦੱਸ ਰਹੇ ਥਾਣਾ ਮੁਖੀ ਸੰਜੀਵ ਕਪੂਰ ਸਮੇਤ ਪੁਲਿਸ ਪਾਰਟੀ। ਤਸਵੀਰਾਂ : ਗੈਰੀ ਫਿਲੌਰ

### ਮਾਮਲਾ ਪੈਸਿਆਂ ਦੇ ਲੈਣ ਦੇਣ 'ਚ ਹੋਏ ਕਾਤਲਾਨਾ ਹਮਲੇ ਦਾ

# ਪੁਲਿਸ ਨੇ ਇਰਾਦਾ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲਾ ਫਾਰਚੂਨ ਸਣੇ ਕੀਤਾ ਗ੍ਰਿਫ਼ਤਾਰ

ਫਿਲੌਰ, 19 ਜਨਵਰੀ (ਵਿਪਨ ਗੈਰੀ)–ਫਿਲੌਰ ਪੁਲਿਸ ਨੇ ਇਰਾਦਾ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਇੱਕ ਮੁਲਜ਼ਮ ਨੂੰ ਫਾਰਚੂਨ ਗੱਡੀ ਸਣੇ ਗ੍ਰਿਫ਼ਤਾਰ ਕੀਤਾ ਹੈ।ਥਾਣਾ ਮੁਖੀ ਸੰਜੀਵ ਕਪੂਰ ਨੇ ਦਸਿਆ ਕਿ ਉਕਤ ਮਸਲੇ 'ਚ ਹਰਜੋਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜਨਤਾ ਨਗਰ ਭਗਵਾਨ ਚੌਂਕ ਲੁਧਿਆਣਾ ਦੇ ਬਿਆਨਾ 'ਤੇ ਮੁਕੱਦਮਾ ਨੰਬਰ 287 ਦਰਜ ਕੀਤਾ ਸੀ ਜਿਸ ਵਿਚ ਗੋਬਿੰਦ ਸਿੰਘ ਪੁੱਤਰ ਬੱਗਾ ਸਿੰਘ, ਜਗਜੀਤ ਸਿੰਘ ਉਰਫ਼ ਜੱਗੀ ਪੁੱਤਰ ਬੱਗਾ ਸਿੰਘ ਵਾਸੀ ਮਹਿਤਪੁਰ ਅਤੇ ਨਾਮਾਲੂਮ ਵਿਅਕਤੀ ਵਲ਼ੋਂ ਮੁੱਦਈ ਦੀ ਕਾਰ ਦੇ ਅੱਗੇ ਕਾਰ ਲਗਾ ਕਿ ਉਸ ਨੂੰ ਫਿਲੌਰ ਵਿਖੇ ਘੇਰਿਆ ਤੇ ਉਸ 'ਤੇ ਮਾਰੂ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਸੀ ਤੇ ਉਸ ਦੀ ਕਾਰ ਦੀ ਭੰਨ ਤੋੜ ਕਰਕੇ ਫ਼ਰਾਰ ਹੋ ਗਏ ਸਨ ਉਕਤ ਮਾਮਲੇ 'ਚ ਚੌਂਕੀ ਇੰਚਾਰਜ ਗੰਨਾ ਪਿੰਡ ਸੁਖਦੇਵ ਸਿੰਘ ਨੇ ਮੁੱਖ ਦੋਸ਼ੀ ਗੋਬਿੰਦ ਸਿੰਘ ਪੁੱਤਰ ਬੱਗਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਵਾਰਦਾਤ ਲਈ ਵਰਤੀਆਂ ਗੱਡੀਆਂ ਫਾਰਚੂਨ ਅਤੇ ਸੈਂਟਰੋ ਸਮੇਤ ਮਾਰੂ ਹਥਿਆਰ ਬਰਾਮਦ ਕੀਤੇ ਹਨ ਤੇ ਉਸ ਦਾ ਪੁਲਿਸ ਰਿਮਾਂਡ ਲੈ ਕਿ ਹੋਰਪੁੱਛ ਗਿੱਛ ਸ਼ੁਰੂ ਕੀਤੀ ਜਾ ਰਹੀ ਹੈ।

# ਗੰਨੇ ਦੀ ਵਰਾਇਟੀ ਬਦਲਣ ਕਾਰਨ ਮਿੱਲ 'ਚ ਹੋਏ ਹੰਗਾਮੇ ਕਾਰਨ ਕਈ ਘੰਟੇ ਮਿੱਲ ਰਹੀ ਬੰਦ

ਫਗਵਾੜਾ, 19 ਜਨਵਰੀ (ਹਰਜੋਤ ਸਿੰਘ ਚਾਨਾ)–ਇੱਥੋਂ ਦੀ ਗੋਲਡਨ ਸੰਧੜ ਸ਼ੂਗਰ ਮਿੱਲ ਅੱਜ ਅਚਾਨਕ ਉਸ ਵੇਲੇ ਮਿੱਲ ਪ੍ਰਬੰਧਕਾਂ ਨੂੰ 8 ਘੰਟੇ ਬੰਦ ਰੱਖਣੀ ਪਈ ਜਦੋਂ ਕੁੱਝ ਕਿਸਾਨਾਂ ਨੇ ਪਰਚੀ 'ਤੇ ਲਿਖਿਆ ਗੰਨਾ ਬਦਲ ਕੇ ਹੋਰ ਗੰਨਾ ਲੈ ਆਂਦਾ ਤੇ ਜਦੋਂ ਮਿੱਲ ਪ੍ਰਬੰਧਕਾਂ ਨੇ ਅਜਿਹਾ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਹੰਗਾਮਾ ਕਰ ਦਿੱਤਾ ਜਿਸ ਕਾਰਨ ਪ੍ਰਬੰਧਕਾਂ ਨੇ ਮਿੱਲ ਬੰਦ ਕਰ ਦਿੱਤੀ। ਮਿੱਲ ਦੇ ਯੂਨਿਟ ਇੰਚਾਰਜ ਅਮਰੀਕ ਸਿੰਘ ਬੁੱਟਰ ਤੇ ਜਨਰਲ ਮੈਨੇਜਰ ਵੀ.ਪੀ. ਵਰਮਾ ਨੇ ਦੱਸਿਆ ਕਿ ਮਿੱਲ ਨੇ 95 ਵਰਸਿਟੀ ਦਾ ਗੰਨਾ ਸਖ਼ਤੀ ਨਾਲ ਰੋਕਿਆ ਹੋਇਆ ਹੈ ਤੇ ਇਸ ਗੰਨੇ ਨੂੰ ਪੀੜਨ 'ਤੇ ਬਿਲਕੁਲ ਮਨਾਹੀ ਕੀਤੀ ਹੋਈ ਹੈ ਪਰ ਕਿਸਾਨਾਂ ਨੂੰ ਉਨ੍ਹਾਂ ਨੂੰ ਬੀਜੀ ਫ਼ਸਲ ਦੀ ਪਰਚੀ ਦਿੱਤੀ ਗਈ ਸੀ ਪਰ ਉਹ ਫ਼ਸਲ ਬਦਲ ਕੇ ਇਹ ਗੰਨਾ ਲੈ ਆਏ। ਅੱਜ ਸ਼ਾਮ ਕਿਸਾਨ ਜਥੇਬੰਦੀਆਂ ਤੇ ਮਿੱਲ ਪ੍ਰਬੰਧਕਾਂ ਦੀ ਹੋਈ ਮੀਟਿੰਗ ਦੌਰਾਨ ਕਿਸਾਨਾਂ ਨੇ ਪਰਚੀ ਮੁਤਾਬਿਕ ਹੀ ਗੰਨਾ ਲਿਆਉਣ ਦਾ ਭਰੋਸਾ ਦਿੱਤਾ। ਇਸ ਮੌਕੇ ਬੁੱਟਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਕਿਸਾਨ ਅਜਿਹਾ ਨਾ ਕਰੇ ਜਿਸ ਕਾਰਨ ਮਿੱਲ ਦਾ ਨੁਕਸਾਨ ਹੋਵੇ। ਕਈ ਕਿਸਾਨਾਂ ਨੇ ਇਸ ਮੌਕੇ ਮਿੱਲ ਨੂੰ ਬੰਦ ਕੀਤੇ ਜਾਣ ਕਾਰਨ ਪਏ ਘਾਟੇ 'ਤੇ ਦੁੱਖ ਪ੍ਰਗਟਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਸਾਹਨੀ, ਕਿਰਪਾਲ ਸਿੰਘ ਮੁਸਾਪੁਰ, ਮਨਜੀਤ ਲੱਲ੍ਹੀਆ, ਮੇਜਰ ਸਿੰਘ ਅਠੌਲੀ, ਕੁਲਵੀਰ ਪੰਚ ਵਿਰਕਾਂ, ਬਲਜਿੰਦਰ ਚੱਕ ਮੰਡੇਰ, ਹਰਵਿੰਦਰ ਨੰਗਲ, ਸੰਤੋਖ ਸਿੰਘ ਲੱਖਪੁਰ, ਜਗਦੀਸ਼ ਭੱਟੀ ਟੋਡਰਪੁਰ ਵੀ ਸ਼ਾਮਲ ਸਨ। ਕਿਸਾਨ ਯੂਨੀਅਨ ਦੋਆਬਾ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ 95 ਵਰਾਇਟੀ ਦੇ ਗੰਨੇ ਦੀ ਛਿਲਾਈ ਨਾ ਕੀਤੀ ਜਾਵੇ ਤੇ ਜੋ ਟਰਾਲੀਆਂ ਹੁਣ ਤੱਕ ਪੁੱਜ ਗਈਆਂ ਹਨ ਉਸ ਤੋਂ ਬਾਅਦ ਮਿੱਲ ਕੋਈ ਟਰਾਲੀ ਨਹੀਂ ਲਵੇਗੀ।



ਮਿੱਲ ਪ੍ਰਬੰਧਕਾਂ ਨਾਲ ਗੱਲਬਾਤ ਕਰਦੇ ਹੋਏ ਕਿਸਾਨ। ਤਸਵੀਰ: ਚਾਨਾ





ਫਗਵਾੜਾ ਦੇ ਭਾਣੋਕੀ ਵਿਖੇ ਲਗਾਏ ਗਏ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦੌਰਾਨ ਡਾਕਟਰਾਂ ਨਾਲ ਖੜ੍ਹੇ ਬਾਬਾ ਮਨਜੀਤ ਸਿੰਘ ਬੇਦੀ, ਜੋਗਿੰਦਰ ਸਿੰਘ ਮਾਨ, ਬਾਬਾ ਕਰਨਜੀਤ ਸਿੰਘ ਬੇਦੀ, ਮਲਕੀਤ ਸੰਘ ਰਘਬੋਤਰਾ ਤੇ ਹੋਰ। (ਸੱਜੇ) ਮੁਫ਼ਤ ਕੈਂਪ ਦੌਰਾਨ ਖੜੇ ਬਾਬਾ ਮਨਜੀਤ ਸਿੰਘ ਬੇਦੀ, ਕਰਨਜੀਤ ਸਿੰਘ ਬੇਦੀ, ਮਾਤਾ ਬਲਜਿੰਦਰ ਕੌਰ ਬੇਦੀ ਤੇ ਹੋਰ। ਤਸਵੀਰਾਂ. ਵਾਲੀਆ

# ਅੱਖਾਂ ਤੇ ਆਮ ਬਿਮਾਰੀਆਂ ਦੇ ਮੁਫ਼ਤ ਚੈੱਕਅਪ ਕੈਂਪ ਦਾ 500 ਮਰੀਜ਼ਾਂ ਨੇ ਲਿਆ ਲਾਹਾ

## 45 ਦੇ ਕਰੀਬ ਮਰੀਜ਼ਾਂ ਦੇ ਕੀਤੇ ਜਾਣਗੇ ਅੱਖਾਂ ਦੇ ਮੁਫ਼ਤ ਆਪ੍ਰੇਸ਼ਨ

ਫਗਵਾੜਾ, 19 ਜਨਵਰੀ (ਅਸ਼ੋਕ ਕੁਮਾਰ ਵਾਲੀਆ)–ਗੁਰੂ ਨਾਨਕ ਸਿਮਰਨ ਸੁਸਾਇਟੀ ਫਗਵਾੜਾ ਵਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਮੂਹ ਮਨੁੱਖਤਾ ਦੀ ਸੇਵਾ ਵਿਚ 24ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਤੇ ਆਪ੍ਰੇਸ਼ਨ ਕੈਂਪ ਤੋਂ ਇਲਾਵਾ ਹੱਡੀਆਂ ਦਾ ਮੁਫ਼ਤ ਚੈੱਕਅਪ ਕੈਂਪ ਡੇਰਾ ਰਾਮ ਸਿੰਘ ਖੇੜਾ ਭਾਣੋਕੀ ਰੋਡ ਵਿਖੇ ਲਗਾਇਆ ਗਿਆ । ਕੈਂਪ ਤੋਂ ਪਹਿਲਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੋਏ ਉਪਰੰਤ ਸਭਨਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਇਸ ਕੈਂਪ ਦਾ ਉਦਘਾਟਨ ਗੁਰੂ ਨਾਨਕ ਵੰਸ਼ ਬਾਬਾ ਮਨਜੀਤ ਸਿੰਘ ਬੇਦੀ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲੇ ਚੇਅਰਮੈਨ ਗੁਰੂ ਨਾਨਕ ਸੇਵਾ ਸਿਮਰਨ ਸੁਸਾਇਟੀ ਰਜਿ: ਫਗਵਾੜਾ ਵਲੋਂ ਕੀਤਾ ਗਿਆ। ਇਸ ਮੌਕੇ ਬਾਬਾ ਮਨਜੀਤ ਸਿੰਘ ਬੇਦੀ ਨੇ ਕਿਹਾ ਕਿ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ 24ਵਾਂ ਸਾਲਾਨਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿਚ ਲੋੜਵੰਦਾਂ ਨੂੰ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ ਤੇ ਕੈਂਪ ਵਿਚ ਹਾਜ਼ਰ ਸੰਗਤਾਂ ਲਈ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਜਾਂਦੇ ਹਨ। ਇਸ ਮੌਕੇ ਪੁੱਜੇ ਰਾਜਨੀਤੀ, ਧਾਰਮਿਕ ਤੇ ਸਮਾਜਿਕ ਆਗੂਆਂ ਨੇ ਬਾਬਾ ਮਨਜੀਤ ਸਿੰਘ ਬੇਦੀ ਤੇ ਐਨ.ਆਰ.ਆਈ. ਵੀਰਾਂ ਦਾ ਇਸ ਕਾਰਜ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਮਨੁੱਖਤਾ ਦੀ ਸੇਵਾ ਇਹ ਪ੍ਰਬੰਧਕਾਂ ਦਾ ਇਹ ਵਧੀਆਂ ਉਪਰਾਲਾ ਹੈ। ਇਸ ਕੈਂਪ ਵਿਚ ਡਾ. ਜੀ.ਐਸ. ਵਿਰਦੀ ਅੱਖਾਂ ਦੇ ਮਾਹਿਰ ਡਾਕਟਰ, ਡਾ: ਹਰਲੀਨ ਕੌਰ, ਡਾ: ਰੋਹਨ ਸਿੰਘ ਪਰਹਾਰ ਹੱਡੀਆਂ ਦੀਆਂ ਬਿਮਾਰੀਆਂ ਦੇ ਰੋਬੋਟਿਕ ਆਪ੍ਰੇਸ਼ਨ ਦੇ ਮਾਹਿਰ ਡਾਕਟਰਾਂ ਨੇ ਪੁੱਜ ਕੇ 500 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਤੇ 45 ਦੇ ਕਰੀਬ ਮਰੀਜ਼ ਅੱਖਾਂ ਦੇ ਆਪ੍ਰੇਸ਼ਨ ਦੇ ਯੋਗ ਪਾਏ ਗਏ। ਇਸ ਕੈਂਪ ਵਿਚ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਅੰਤ ਵਿਚ ਬਾਬਾ ਮਨਜੀਤ ਸਿੰਘ ਬੇਦੀ ਨੇ ਪੁੱਜੇ ਹੋਏ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਕਰਨਜੀਤ ਸਿੰਘ ਬੇਦੀ, ਬਾਬਾ ਸਤਿੰਦਰਪਾਲ ਸਿੰਘ ਬੇਦੀ, ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ, ਮਾਤਾ ਬਲਜਿੰਦਰ ਕੌਰ ਬੇਦੀ, ਕਮਲ ਧਾਲੀਵਾਲ, ਆਸ਼ੂ ਸਾਂਪਲਾ, ਮਲਕੀਤ ਸਿੰਘ ਰਘਬੋਤਰਾ, ਹਰਮਿੰਦਰ ਸਿੰਘ, ਹਰਪ੍ਰੀਤ ਸਿੰਘ ਭੋਗਲ, ਪਰਮਜੀਤ ਸਿੰਘ ਭਸੀਨ, ਬਹਾਦਰ ਸਿੰਘ ਸੰਗਤਪੁਰ, ਰਣਧੀਰ ਸਿੰਘ, ਨਰਿੰਦਰਪਾਲ ਸਿੰਘ, ਸ਼ਿੰਦਰਪਾਲ ਸਿੰਘ ਯੂ.ਕੇ., ਬੀਬੀ ਪਰਮਜੀਤ ਕੌਰ, ਜੋਗਾ ਸਿੰਘ, ਬਲਬੀਰ ਸਿੰਘ ਯੂ.ਕੇ., ਸੁਪ੍ਰੀਤ ਕੌਰ, ਹਰਲੀਨ ਕੌਰ, ਕੀਰਤਪਾਲ ਸਿੰਘ, ਕਬੀਰ ਸਿੰਘ, ਅਦੇਸ਼ਵਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।


ਪੰਜਾਬ ਕਾਂਗਰਸ ਦੇ ਐਸ.ਸੀ. ਵਿੰਗ ਦੇ ਸੂਬਾਈ ਕੋਆਰਡੀਨੇਟਰ ਜੀਆ ਲਾਲ ਨਾਹਰ ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ ਭੇਟ ਕਰਦੇ ਹੋਏ। ਤਸਵੀਰ ਵਿਚ ਐਸ.ਸੀ. ਵਿੰਗ ਦੇ ਹੋਰ ਸੂਬਾਈ ਆਗੂ ਵੀ ਖੜ੍ਹੇ ਦਿਖਾਈ ਦੇ ਰਹੇ। ਅਜੀਤ ਤਸਵੀਰ

# ਰਾਜ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਹੇਠਲੇ ਪੱਧਰ ਤੱਕ ਮਜ਼ਬੂਤ ਹੋ ਰਹੀ ਹੈ-ਜੀਆ ਲਾਲ ਨਾਹਰ

## ਪਾਰਟੀ ਦੇ ਸੂਬਾ ਪ੍ਰਧਾਨ ਨੂੰ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ ਭੇਟ

ਕਪੂਰਥਲਾ, 19 ਜਨਵਰੀ (ਵਿ.ਪ੍ਰ.)– ਪੰਜਾਬ ਕਾਂਗਰਸ ਦੇ ਐਸ.ਸੀ. ਵਿੰਗ ਦੇ ਸੂਬਾਈ ਕੋਆਰਡੀਨੇਟਰ ਜੀਆ ਲਾਲ ਨਾਹਰ ਨੇ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ। ਉਨ੍ਹਾਂ ਕਾਂਗਰਸ ਪਾਰਟੀ ਦੀ ਮਜ਼ਬੂਤੀ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ। ਜੀਆ ਲਾਲ ਨਾਹਰ ਨੇ ਉਨ੍ਹਾਂ ਨੂੰ ਡਾ. ਭੀਮ ਰਾਓ ਅੰਬੇਡਕਰ ਤਸਵੀਰ ਭੇਟ ਕੀਤੀ। ਮੀਟਿੰਗ ਤੋਂ ਬਾਅਦ ਜੀਆ ਲਾਲ ਨੇ ਦੱਸਿਆ ਕਿ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਪੱਧਰ ਨੂੰ ਹੇਠਲੇ ਪੱਧਰ 'ਤੇ ਮਜ਼ਬੂਤ ਕਰਨ ਲਈ ਲਈ ਬਹੁਤ ਜਲਦੀ ਜ਼ਿਲ੍ਹਾ ਵਾਰ ਮੀਟਿੰਗਾਂ ਕੀਤੀਆਂ ਜਾਣਗੀਆਂ। ਸੂਬਾ ਕੋਆਰਡੀਨੇਟਰ ਨੇ ਦੱਸਿਆ ਕਿ ਰਾਜਾ ਵੜਿੰਗ ਦੀ ਅਗਵਾਈ ਵਿਚ ਕਾਂਗਰਸ ਹੇਠਲੇ ਪੱਧਰ 'ਤੇ ਮਜ਼ਬੂਤ ਹੋ ਰਹੀ ਹੈ। ਕਿਉਂਕਿ ਉਨ੍ਹਾਂ ਹਰੇਕ ਵਰਗ ਦੇ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਰਾਹੁਲ ਗਾਂਧੀ ਦੀ ਸੋਚ ਤੇ ਰਾਜਨੀਤੀ ਨੂੰ ਦੇਖਦਿਆਂ ਅੱਗੇ ਆਉਣਾ ਚਾਹੀਦਾ ਹੈ ਤਾਂ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਰ ਮਜ਼ਬੂਤ ਕੀਤਾ ਜਾ ਸਕੇ।

# ਦਬੂਲੀਆ ਵਿਖੇ 28 ਤੋਂ ਆਰੰਭ ਹੋ ਰਹੇ 5 ਦਿਨਾ ਆਲ ਇੰਡੀਆ ਬਾਸਕਟਬਾਲ ਟੂਰਨਾਮੈਂਟ ਲਈ ਭਾਰੀ ਉਤਸ਼ਾਹ-ਗਗਨਦੀਪ, ਨਵਪ੍ਰੀਤ

ਸੁਲਤਾਨਪੁਰ ਲੋਧੀ, 19 ਜਨਵਰੀ (ਨਰੇਸ਼ ਹੈਪੀ)–'ਆਪ' ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਤੇ ਅਰਜਨਾ ਐਵਾਰਡੀ ਸੱਜਣ ਸਿੰਘ ਚੀਮਾ ਦੇ ਵਿਸ਼ੇਸ਼ ਯਤਨਾਂ ਸਦਕਾ 28 ਫਰਵਰੀ ਮੰਗਲਵਾਰ ਤੋਂ ਪਿੰਡ ਦਬੂਲੀਆਂ ਦੇ ਸਟੇਡੀਅਮ ਵਿਖੇ ਆਰੰਭ ਹੋ ਰਹੇ, ਪੰਜ ਦਿਨਾਂ ਬਲਕਾਰ ਸਿੰਘ ਚੀਮਾ ਮੈਮੋਰੀਅਲ ਆਲ ਇੰਡੀਆ ਬਾਸਕਟਬਾਲ ਟੂਰਨਾਮੈਂਟ ਲਈ ਦੇਸ਼ ਵਿਦੇਸ਼ ਦੇ ਖੇਡ ਪ੍ਰੇਮੀਆਂ ਵਿਚ ਭਾਰੀ ਉਤਸ਼ਾਹ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਲੋਧੀ ਦੇ ਐਮ.ਡੀ. ਗਗਨਦੀਪ ਸਿੰਘ ਤੇ ਨਵਪ੍ਰੀਤ ਸਿੰਘ ਨੇ ਗੱਲਬਾਤ ਕਰਦੇ ਐਲਾਨ ਕੀਤਾ ਕਿ ਇਨ੍ਹਾਂ ਟੂਰਨਾਮੈਂਟਾਂ ਦੀ ਸਫਲਤਾ ਲਈ ਵਾਹਿਗੁਰੂ ਅਕੈਡਮੀ ਵਲੋਂ ਪੂਰਾ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੱਜਣ ਸਿੰਘ ਚੀਮਾ ਇਲਾਕੇ ਦੇ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕਰ ਰਹੇ ਹਨ ਤੇ ਪਿੰਡ-ਪਿੰਡ ਜਾ ਕੇ ਖੇਡਾਂ ਕਰਵਾ ਕੇ ਨੌਜਵਾਨਾਂ, ਬੱਚਿਆਂ ਤੇ ਹੋਰ ਲੋਕਾਂ ਨੂੰ ਨਸ਼ਿਆਂ ਤੋਂ ਰੋਕ ਕੇ ਖੇਡਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ। ਗਗਨਦੀਪ ਸਿੰਘ ਨੇ ਕਿਹਾ ਕਿ ਅਰਜਨਾ ਐਵਾਰਡੀ ਖਿਡਾਰੀ ਸੱਜਣ ਸਿੰਘ ਚੀਮਾ ਵਲੋਂ ਨਸ਼ਿਆਂ ਦੀ ਡਿਮਾਂਡ ਖ਼ਤਮ ਕਰਨ ਲਈ ਜੋ ਫਾਰਮੂਲਾ ਖੇਡਾਂ ਦਾ ਸ਼ੁਰੂ ਕੀਤਾ ਹੈ, ਉਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਤੇ ਨੌਜਵਾਨ ਪੀੜ੍ਹੀ ਖੇਡਾਂ ਨਾਲ ਜੁੜ ਕੇ ਨਸ਼ੇ ਵੱਲ ਤੱਕਣਾ ਛੱਡ ਰਹੀ ਹੈ, ਜੋ ਕਿ ਬਹੁਤ ਵੱਡੀ ਪ੍ਰਾਪਤੀ ਹੈ।



ਡੀ. ਸੀ. ਚੌਂਕ ਵਿਖੇ ਸਰਕਾਰੀ ਕਾਲਜ ਦੇ ਐਨ.ਐਸ.ਐਸ. ਵਲੰਟੀਅਰਾਂ ਨੂੰ ਆਵਾਜਾਈ ਨਿਯਮਾਂ ਦੀ ਜਾਣਕਾਰੀ ਦਿੰਦੇ ਹੋਏ ਟਰੈਫ਼ਿਕ ਇੰਚਾਰਜ ਦਰਸ਼ਨ ਸਿੰਘ, ਉਨ੍ਹਾਂ ਦੇ ਨਾਲ ਥਾਣਾ ਸਿਟੀ ਮੁਖੀ ਬਿਕਰਮਜੀਤ ਸਿੰਘ, ਏ.ਐਸ.ਆਈ. ਬਲਵਿੰਦਰ ਸਿੰਘ, ਏ.ਐਸ.ਆਈ. ਬਲਵਿੰਦਰ ਸਿੰਘ ਬੰਟੀ। ਤਸਵੀਰ: ਤਿਲਕਰਾਜ

# ਕੌਮੀ ਸੜਕ ਸੁਰੱਖਿਆ ਮਹੀਨੇ ਤਹਿਤ ਐਨ. ਐਸ. ਐਸ. ਵਲੰਟੀਅਰਾਂ ਨੂੰ ਦਿੱਤੀ ਨਿਯਮਾਂ ਦੀ ਜਾਣਕਾਰੀ

ਕਪੂਰਥਲਾ, 19 ਜਨਵਰੀ (ਸਡਾਨਾ)–ਕੌਮੀ ਸੜਕ ਸੁਰੱਖਿਆ ਮਹੀਨੇ ਤਹਿਤ ਟ੍ਰੈਫ਼ਿਕ ਪੁਲਿਸ ਵਲੋਂ ਸਥਾਨਕ ਡੀ.ਸੀ. ਚੌਂਕ ਵਿਖੇ ਨਹਿਰੂ ਯੁਵਾ ਕੇਂਦਰ ਦੇ ਸਹਿਯੋਗ ਨਾਲ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਦੇ ਐਨ.ਐਸ.ਐਸ. ਵਲੰਟੀਅਰਾਂ ਨੂੰ ਸੁਚਾਰੂ ਢੰਗ ਨਾਲ ਟ੍ਰੈਫ਼ਿਕ ਚਲਾਉਣ ਸਬੰਧੀ ਜਾਗਰੂਕ ਕੀਤਾ ਗਿਆ। ਟਰੈਫ਼ਿਕ ਇੰਚਾਰਜ ਦਰਸ਼ਨ ਸਿੰਘ ਨੇ ਡੀ.ਸੀ. ਚੌਂਕ ਵਿਖੇ ਆਵਾਜਾਈ ਨਿਯਮਾਂ ਦੇ ਇਸ਼ਾਰਿਆਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਥਾਣਾ ਸਿਟੀ ਮੁਖੀ ਇੰਸਪੈਕਟਰ ਬਿਕਰਮਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਟਰੈਫ਼ਿਕ ਇੰਚਾਰਜ ਦਰਸ਼ਨ ਸਿੰਘ ਦੇ ਨਾਲ ਰੋਡ ਸੇਫ਼ਟੀ ਟੀਮ ਦੇ ਮੈਂਬਰ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਟਰੈਫ਼ਿਕ ਜਾਗਰੂਕਤਾ ਦੇ ਨਿਗਰਾਨ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਲਗਾਏ ਜਾ ਰਹੇ ਹਨ ਤੇ ਵਾਹਨ ਚਾਲਕਾਂ ਨੂੰ ਨਿਯਮਾਂ ਦੀ ਪਾਲਣਾ ਕਰਕੇ ਸੁਰੱਖਿਅਤ ਵਾਹਨ ਚਲਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਛੋਟੀ ਉਮਰ ਦੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵਾਹਨ ਚਲਾਉਣ ਲਈ ਨਾ ਦੇਣ ਤਾਂ ਜੋ ਵੱਧ ਰਹੇ ਸੜਕ ਹਾਦਸਿਆ ਨੂੰ ਰੋਕਿਆ ਜਾ ਸਕੇ। ਉਨ੍ਹਾਂ ਵਾਹਨ ਚਲਾਉਣ ਸਮੇਂ ਹੈਲਮਟ ਦਾ ਇਸਤੇਮਾਲ ਕਰਨ ਲਈ ਵੀ ਲੋਕਾਂ ਨੂੰ ਅਪੀਲ ਕੀਤੀ। ਇਸ ਮੌਕੇ ਏ.ਐਸ.ਆਈ. ਬਲਵਿੰਦਰ ਸਿੰਘ, ਏ.ਐਸ.ਆਈ. ਸੁਰਜੀਤ ਸਿੰਘ, ਏ.ਐਸ.ਆਈ. ਬਲਵਿੰਦਰ ਸਿੰਘ ਬੰਟੀ ਤੇ ਹੋਰ ਹਾਜ਼ਰ ਸਨ।

### ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਸ਼ਰਾਬ ਸਣੇ ਕੀਤਾ ਕਾਬੂ

ਫਗਵਾੜਾ, 19 ਜਨਵਰੀ (ਹਰਜੋਤ ਸਿੰਘ ਚਾਨਾ)–ਫਗਵਾੜਾ ਪੁਲਿਸ ਨੇ ਤਿੰਨ ਵੱਖ ਵੱਖ ਵਿਅਕਤੀਆਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਸ਼ਰਾਬ ਬਰਾਮਦ ਕਰਕੇ ਆਬਕਾਰੀ ਐਕਟ ਤਹਿਤ ਕੇਸ ਦਰਜ ਕੀਤਾ ਹੈ। ਐਸ.ਪੀ. ਰੁਪਿੰਦਰ ਕੌਰ ਭੱਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਦਰ ਪੁਲਿਸ ਨੇ ਸੁਖਵੀਰ ਸਿੰਘ ਉਰਫ਼ ਸੁੱਖੀ ਪੁੱਤਰ ਸੁੱਚਾ ਸਿੰਘ ਵਾਸੀ ਕੋਟਲੀ ਥਾਨ ਸਿੰਘ ਥਾਣਾ ਪਤਾਰਾ ਨੂੰ ਕਾਬੂ ਕਰਕੇ ਉਸ ਪਾਸੋਂ 8 ਬੋਤਲਾਂ ਸ਼ਰਾਬ ਬਰਾਮਦ ਕੀਤੀਆਂ ਹਨ। ਇਸੇ ਤਰ੍ਹਾਂ ਸਿਟੀ ਪੁਲਿਸ ਨੇ ਅਮਿੱਤ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਮੇਹਲੀ ਗੇਟ ਨੂੰ ਕਾਬੂ ਕਰਕੇ ਉਸ ਪਾਸੋਂ 16 ਬੋਤਲਾਂ ਸ਼ਰਾਬ ਬਰਾਮਦ ਕੀਤੀਆਂ। ਇਸੇ ਤਰ੍ਹਾਂ ਸਤਨਾਮਪੁਰਾ ਪੁਲਿਸ ਨੇ ਕੇਵਲ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਭਾਣੋਕੀ ਨੂੰ ਕਾਬੂ ਕਰਕੇ ਉਸ ਪਾਸੋਂ 24 ਬੋਤਲਾਂ ਸ਼ਰਾਬ ਬਰਾਮਦ ਕੀਤੀਆਂ ਹਨ।

# ਡੇਰਾ ਸ੍ਰੀ ਹਰਿਗੋਬਿੰਦਗੜ੍ਹ ਸਾਹਿਬ ਭੋਗਪੁਰ ਵਿਖੇ ਧਾਰਮਿਕ ਸਮਾਗਮ ਕਰਵਾਏ

ਖਲਵਾੜਾ, 19 ਜਨਵਰੀ (ਮਨਦੀਪ ਸਿੰਘ ਸੰਧੂ)–ਤਪ ਅਸਥਾਨ ਸੰਤ ਬਾਬਾ ਰਣਜੀਤ ਸਿੰਘ ਸ੍ਰੀ ਹਰਿਗੋਬਿੰਦਗੜ੍ਹ ਸਾਹਿਬ ਪਿੰਡ ਭੋਗਪੁਰ ਵਿਖੇ ਮੁੱਖ ਸੇਵਾਦਾਰ ਬਾਬਾ ਤਲਵਿੰਦਰ ਸਿੰਘ ਉਰਫ਼ ਪਰਮੇਸ਼ਰ ਸਿੰਘ ਭੋਗਪੁਰ ਵਾਲਿਆਂ ਦੀ ਅਗਵਾਈ ਹੇਠ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਜਾਣ ਉਪਰੰਤ ਜੋਗਾ ਸਿੰਘ ਪਾਸਲਾ (ਫਗਵਾੜੇ ਵਾਲੀਆਂ ਬੀਬੀਆਂ) ਦੇ ਢਾਡੀ ਜਥੇ ਨੇ ਹਾਜ਼ਰ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਬਾਬਾ ਤਲਵਿੰਦਰ ਸਿੰਘ ਉਰਫ਼ ਪਰਮੇਸ਼ਰ ਸਿੰਘ ਭੋਗਪੁਰ ਵਾਲਿਆਂ ਨੇ ਵੀ ਸੰਗਤਾਂ ਨਾਲ ਪ੍ਰਵਚਨਾਂ ਦੀ ਸਾਂਝ ਪਾਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਭਾਈ ਰਘਬੀਰ ਸਿੰਘ, ਨਿਸ਼ਾਨ ਸਿੰਘ, ਕੁਲਵਿੰਦਰ ਸਿੰਘ ਪਾਂਸ਼ਟਾ, ਗੁਰਪ੍ਰੀਤ ਸਿੰਘ ਅਤੇ ਸਾਬੀ ਜਲਪੋਤਾ ਸਮੇਤ ਭਾਰੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ।


ਡੇਰਾ ਸ੍ਰੀ ਹਰਿਗੋਬਿੰਦਗੜ੍ਹ ਸਾਹਿਬ ਭੋਗਪੁਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਜੋਗਾ ਸਿੰਘ ਪਾਸਲਾ (ਫਗਵਾੜੇ ਵਾਲੀਆਂ ਬੀਬੀਆਂ) ਦਾ ਢਾਡੀ ਜਥਾ ਵਾਰਾਂ ਪੇਸ਼ ਕਰਦਾ ਹੋਇਆ। ਤਸਵੀਰ. ਮਨਦੀਪ ਸਿੰਘ ਸੰਧੂ

# ਨਾਬਾਲਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਹੇਠ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ

ਕਪੂਰਥਲਾ, 19 ਜਨਵਰੀ (ਸਡਾਨਾ)–ਇਕ ਨਾਬਾਲਗ ਲੜਕੀ ਨੂੰ ਵਰਗਲਾ ਕਿ ਲਿਜਾਣ ਦੇ ਦੋਸ਼ ਹੇਠ ਸਿਟੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਆਪਣੀ ਸ਼ਿਕਾਇਤ ਵਿਚ ਕ੍ਰਿਸ਼ਨ ਲਾਲ ਵਾਸੀ ਦਸਮੇਸ਼ ਕਲੋਨੀ ਨੇ ਦੱਸਿਆ ਕਿ ਉਸਦੀ 14 ਸਾਲਾਂ ਨਾਬਾਲਗ ਲੜਕੀ ਸਕੂਲ ਪੜ੍ਹਣ ਲਈ ਗਈ ਤੇ ਜਦੋਂ ਉਹ ਉਸਨੂੰ ਸਕੂਲ ਲੈਣ ਗਿਆ ਤਾਂ ਉਹ ਉਸਨੂੰ ਉੱਥੇ ਨਹੀਂ ਮਿਲੀ ਤੇ ਅਸੀਂ ਉਸਦੀ ਆਪਣੇ ਪੱਧਰ 'ਤੇ ਭਾਲ ਕਰਦੇ ਰਹੇ। ਸਾਨੂੰ ਸ਼ੱਕ ਹੈ ਕਿ ਕੋਈ ਵਿਅਕਤੀ ਉਸਨੂੰ ਵਿਆਹ ਦੇ ਝਾਂਸੇ ਵਰਗਲਾ ਕੇ ਲੈ ਗਿਆ ਹੈ। ਸਿਟੀ ਪੁਲਿਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ ਕਰ ਲਿਆ ਹੈ ਤੇ ਮਾਮਲੇ ਦੀ ਜਾਂਚ ਏ.ਐਸ.ਆਈ. ਕੁਲਵਿੰਦਰ ਸਿੰਘ ਵਲੋਂ ਕੀਤੀ ਜਾ ਰਹੀ ਹੈ।

# ਨਗਰ ਪੰਚਾਇਤ ਬੇਗੋਵਾਲ ਦੇ ਪ੍ਰਧਾਨ ਦੀ ਚੋਣ ਅੱਜ

ਬੇਗੋਵਾਲ, 19 ਜਨਵਰੀ (ਸੁਖਜਿੰਦਰ ਸਿੰਘ)–ਬੀਤੀ 21 ਨੂੰ ਨਗਰ ਪੰਚਾਇਤ ਬੇਗੋਵਾਲ ਦੀਆਂ ਹੋਈਆਂ 13 ਵਾਰਡਾਂ ਦੀਆਂ ਚੋਣਾਂ ਹੋਈਆਂ ਸਨ ਤੇ ਪ੍ਰਸ਼ਾਸਨ ਵਲੋਂ ਨਗਰ ਪੰਚਾਇਤ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਸਬੰਧੀ ਇੱਕ ਨੋਟੀਫ਼ਿਕੇਸ਼ਨ ਜਾਰੀ ਕਰਕੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ 20 ਜਨਵਰੀ ਸ਼ਾਮ 4 ਵਜੇ ਦਾ ਨਗਰ ਪੰਚਾਇਤ ਬੇਗੋਵਾਲ ਵਿਖੇ ਸਮਾਂ ਨੀਯਤ ਕੀਤਾ ਗਿਆ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਨਗਰ ਪੰਚਾਇਤ ਦੀਆਂ ਚੋਣਾਂ ਦੌਰਾਨ 13 ਵਾਰਡਾਂ ਵਿਚੋਂ 5 ਬੀਬੀ ਜਗੀਰ ਕੌਰ ਦੇ ਸਮਰਥਕ, 3 ਕਾਂਗਰਸ ਪੱਖੀ ਤੇ 5 ਆਪ ਪਾਰਟੀ ਦੇ ਕੌਂਸਲਰ ਚੁਣੇ ਗਏ ਸਨ। ਜਿਸ ਉਸ ਉਪਰੰਤ ਵੱਖ-ਵੱਖ ਪਾਰਟੀਆਂ ਵਲੋਂ ਆਪਣਾ ਪ੍ਰਧਾਨ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ ਹੁਣ ਸਮਾਂ ਹੀ ਦੱਸੇਗਾ ਕਿ ਕਿਹੜੀ ਧਿਰ ਦਾ ਪ੍ਰਧਾਨ ਬਣੇਗਾ।

ਪੰਜਾਬ ਸਰਕਾਰ
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
(ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ)
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ
ਪਬਲਿਕ ਨੋਟਿਸ
ਵਿਸ਼ਾ : ਨਿਊ ਚੰਡੀਗੜ੍ਹ ਵਿਚ ਘੱਟ ਘਣਤਾ ਅਤੇ ਉੱਚ ਘਣਤਾ ਪ੍ਰੋਜੈਕਟ ਸਥਾਪਤ ਕਰਨ ਲਈ ਜ਼ਮੀਨ ਦੀ ਪ੍ਰਾਪਤੀ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਤਰਾਜ਼ਕਰਤਾ ਜਿਨ੍ਹਾਂ ਨੇ ਉਪਰੋਕਤ ਦੱਸੇ ਪ੍ਰੋਜੈਕਟ ਦੇ ਸੰਬੰਧ ਵਿਚ ਨੰ. 06/06/2-16-6 ਐਚ ਜੀ1/2345 ਮਿਤੀ 06.11.2024 ਦੁਆਰਾ ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੁਆਰਾ ਜਾਰੀ ਕੀਤੇ ਧਾਰਾ 11 ਅਧੀਨ ਨੋਟੀਫਿਕੇਸ਼ਨ ਦੇ ਵਿਰੁੱਧ ਭੌਂ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ ਐਕਟ, 2013 ਵਿਚ ਨਿਰਪੱਖ ਮੁਆਵਜ਼ਾ ਅਤੇ ਪਾਰਦਰਸ਼ਤਾ ਦੇ ਅਧਿਕਾਰ ਦੀ ਧਾਰਾ 15 ਅਧੀਨ ਆਪਣੇ ਇਤਰਾਜ਼ ਦਾਇਰ ਕੀਤੇ ਹਨ, ਦੀ ਨਿੱਜੀ ਸੁਣਵਾਈ ਮਿਤੀ 27.01.2025 ਨੂੰ ਸਵੇਰੇ 11.00 ਵਜੇ ਕਮੇਟੀ ਰੂਮ, ਦੂਜੀ ਮੰਜ਼ਿਲ, ਪੁੱਡਾ ਭਵਨ, ਸੈਕਟਰ-62 ਐਸ.ਏ.ਐਸ. ਨਗਰ ਵਿਖੇ ਹੋਣੀ ਨਿਰਧਾਰਤ ਹੈ। ਇਸ ਸੰਬੰਧ ਵਿਚ ਇਤਰਾਜ਼ਕਰਤਾ ਨੂੰ ਵਿਅਕਤੀਗਤ ਨੋਟਿਸ ਵੀ ਭੇਜੇ ਗਏ ਹਨ।
ਭੌਂ ਪ੍ਰਾਪਤੀ ਕੁਲੈਕਟਰ
PR-Advt. No:-NA/12/27602/2023/40935

ਪੰਜਾਬ ਸਰਕਾਰ
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
(ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ)
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ
ਪਬਲਿਕ ਨੋਟਿਸ
ਵਿਸ਼ਾ : ਨਿਊ ਚੰਡੀਗੜ੍ਹ ਵਿਚ ਈਕੋ ਸਿਟੀ 3 ਪ੍ਰੋਜੈਕਟ ਸਥਾਪਤ ਕਰਨ ਲਈ ਜ਼ਮੀਨ ਦੀ ਪ੍ਰਾਪਤੀ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਤਰਾਜ਼ਕਰਤਾ ਜਿਨ੍ਹਾਂ ਨੇ ਉਪਰੋਕਤ ਦੱਸੇ ਪ੍ਰੋਜੈਕਟ ਦੀ ਜ਼ਮੀਨ ਦੀ ਪ੍ਰਾਪਤੀ ਦੇ ਸੰਬੰਧ ਵਿਚ ਨੰ. 06/06/2-16-6 ਐਚ ਜੀ1/2337 ਮਿਤੀ 06.11.2024 ਦੁਆਰਾ ਪੰਜਾਬ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੁਆਰਾ ਜਾਰੀ ਕੀਤੇ ਧਾਰਾ 11 ਅਧੀਨ ਨੋਟੀਫਿਕੇਸ਼ਨ ਦੇ ਵਿਰੁੱਧ ਭੌਂ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ ਐਕਟ, 2013 ਵਿਚ ਨਿਰਪੱਖ ਮੁਆਵਜ਼ਾ ਅਤੇ ਪਾਰਦਰਸ਼ਤਾ ਦੇ ਅਧਿਕਾਰ ਦੀ ਧਾਰਾ 15 ਅਧੀਨ ਆਪਣੇ ਇਤਰਾਜ਼ ਦਾਇਰ ਕੀਤੇ ਹਨ, ਦੀ ਨਿੱਜੀ ਸੁਣਵਾਈ ਮਿਤੀ 27.01.2025 ਨੂੰ ਸਵੇਰੇ 11.00 ਵਜੇ ਕਮੇਟੀ ਰੂਮ, ਦੂਜੀ ਮੰਜ਼ਿਲ, ਪੁੱਡਾ ਭਵਨ, ਸੈਕਟਰ-62 ਐਸ.ਏ.ਐਸ. ਨਗਰ ਵਿਖੇ ਹੋਣੀ ਨਿਰਧਾਰਤ ਹੈ। ਇਸ ਸੰਬੰਧ ਵਿਚ ਇਤਰਾਜ਼ਕਰਤਾ ਨੂੰ ਵਿਅਕਤੀਗਤ ਨੋਟਿਸ ਵੀ ਭੇਜੇ ਗਏ ਹਨ।
ਭੌਂ ਪ੍ਰਾਪਤੀ ਕੁਲੈਕਟਰ
PR-Advt. No:-NA/12/27601/2023/40934